ਪਾਠ-17

# ਫੁੱਲਾਂ ਵਾਲੀ ਫ਼ਰਾਕ

ਸਤਵੀਰ ਅਤੇ ਮਨਦੀਪ ਦੋਵੇਂ ਸਕੇ ਭੈਣ-ਭਰਾ ਹਨ। ਅੱਜ ਰੱਖੜੀ ਦਾ ਤਿਉਹਾਰ ਹੋਣ ਕਰਕੇ ਸਤਵੀਰ ਅਤੇ ਮਨਦੀਪ ਨੂੰ ਉਨ੍ਹਾਂ ਦੀ ਦਾਦੀ ਨੇ ਸਵੇਰੇ ਹੀ ਨੁਹਾ ਦਿੱਤਾ ਅਤੇ ਨਵੇਂ ਕੱਪੜੇ ਪਹਿਨਾ ਦਿੱਤੇ। ਦੋਵੇਂ ਬਹੁਤ ਸੋਹਣੇ ਲੱਗ ਰਹੇ ਸਨ। ਸਤਵੀਰ ਨੇ ਮਨਦੀਪ ਦੇ ਗੁੱਟ ਉੱਤੇ ਰੱਖੜੀ ਬੰਨ੍ਹ ਦਿੱਤੀ ਤੇ ਲੱਡੂ ਖੁਆ ਕੇ ਮੂੰਹ ਮਿੱਠਾ ਕਰਵਾ ਦਿੱਤਾ।

"ਸਾਡਾ ਤੋਹਫ਼ਾ" ਮਨਦੀਪ ਨੇ ਸਭ ਵੱਲ ਵੇਖਦਿਆਂ ਕਿਹਾ। ਉਨ੍ਹਾਂ ਦੇ ਦਾਦਾ ਜੀ ਨੇ ਦੋਵਾਂ ਨੂੰ ਹੀ ਰੰਗ ਬਰੰਗੇ ਕਾਗਜ਼ ਵਿੱਚ ਲਪੇਟਿਆ ਇੱਕ-ਇੱਕ ਡੱਬਾ ਦੇ ਦਿੱਤਾ। ਮਨਦੀਪ ਨੇ ਸਤਵੀਰ ਤੋਂ ਪਹਿਲਾਂ ਹੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿੱਚੋਂ ਇੱਕ ਕੱਪੜਾ ਨਿਕਲਿਆ।

"ਦਾਦਾ ਜੀ, ਇਸਦਾ ਮੈਂ ਕੀ ਕਰਾਂ ?" ਮਨਦੀਪ ਨੇ ਪੁੱਛਿਆ।



"ਬੇਟਾ, ਇਹ ਤੁਹਾਡੇ ਬੰਨ੍ਹਣ ਲਈ ਪੱਗ ਹੈ" ਦਾਦਾ ਜੀ ਨੇ ਜਵਾਬ ਦਿੱਤਾ।

ਉਨ੍ਹਾਂ ਦੇ ਪਾਪਾ ਨੂੰ ਕੁਝ ਨਵਾਂ ਸੁੱਝਿਆ। ਉਨ੍ਹਾਂ ਨੇ ਦੋਵਾਂ ਬੱਚਿਆਂ ਨੂੰ ਆਪਣੇ ਕੋਲ ਬੁਲਾਇਆ ਅਤੇ ਇਸ ਅਣਸੀਤੇ ਕੱਪੜੇ ਨੂੰ ਕਈ ਤਰ੍ਹਾਂ ਨਾਲ਼ ਪਹਿਨਣਾ ਸਿਖਾਇਆ।

ਤਸਵੀਰਾਂ ਪਹਿਚਾਣੋ ਅਤੇ ਲਿਖੋ ਕਿ ਇਸ ਕੱਪੜੇ ਨੂੰ ਕਿਵੇਂ-ਕਿਵੇਂ ਪਹਿਨਿਆ ਹੈ ?







1. .......................... 2. .......................... 3. ..........................

ਅਣਸੀਤਾ ਕੱਪੜਾ ਪਹਿਨਣ ਦੇ ਵੱਖ-ਵੱਖ ਤਰੀਕੇ

ਹੇਠਾਂ ਦਿੱਤੇ ਚਿੱਤਰ ਵਿੱਚ ਅਣਸੀਤੇ ਕੱਪੜਿਆਂ ਨੂੰ ਵੱਖ-ਵੱਖ ਢੰਗ ਨਾਲ਼ ਲੱਕ ਦੁਆਲੇ ਬੰਨ੍ਹਿਆ ਗਿਆ ਹੈ। ਅਧਿਆਪਕ ਦੀ ਮਦਦ ਨਾਲ਼ ਪਹਿਚਾਣੋ ਕਿ ਇਸ ਤਰੀਕੇ ਨਾਲ਼ ਬੰਨ੍ਹੇ ਗਏ ਕੱਪੜੇ ਨੂੰ ਕੀ ਕਹਿੰਦੇ ਹਨ।

**ਚਿੱਤਰ ਨੂੰ ਦੇਖ ਕੇ ਪਹਿਚਾਣੋ ਅਤੇ ਖਾਲੀ ਸਥਾਨ ਵਿੱਚ ਸਹੀ ਉੱਤਰ ਲਿਖੋ**





1. .......................... 2. ..........................

ਸਤਵੀਰ ਨੇ ਵੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿੱਚੋਂ ਫ਼ਰਾਕ ਨਿੱਕਲੀ। ਫ਼ਰਾਕ ਉੱਪਰ ਫੁੱਲਾਂ ਵਾਲਾ ਬੜਾ ਸੋਹਣਾ ਨਮੂਨਾ ਸੀ। ਮਨਦੀਪ ਬੜਾ ਹੈਰਾਨ ਸੀ। ਉਸਨੇ ਆਪਣੇ ਪਾਪਾ ਨੂੰ ਪੁੱਛਿਆ, "ਪਾਪਾ ਫ਼ਰਾਕ ਉੱਪਰ ਫੁੱਲ ਕਿਸਨੇ ਬਣਾਏ ਹਨ ?"

ਪਿਤਾ ਜੀ ਨੇ ਦੱਸਿਆ ਕਿ ਕੱਪੜੇ ਉੱਪਰ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਕਾਰਖਾਨਿਆਂ (ਕੱਪੜਿਆਂ ਦੀਆਂ ਮਿੱਲ਼ਾਂ) ਵਿੱਚ ਵੱਡੀਆਂ-ਵੱਡੀਆਂ ਮਸ਼ੀਨਾਂ ਦੀ ਮਦਦ ਲਈ


ਜਾਂਦੀ ਹੈ। ਕੁਝ ਲੋਕ ਘਰਾਂ ਵਿੱਚ ਵੀ ਨਮੂਨੇ ਬਣਾਉਣ ਦਾ ਕੰਮ ਕਰਦੇ ਹਨ। ਨਮੂਨੇ ਬਣਾਉਣ ਲਈ ਲੱਕੜ ਦੇ ਠੱਪੇ ਵਰਤੇ ਜਾਂਦੇ ਹਨ। ਕਾਰੀਗਰ ਇੱਕ ਰੰਗ ਵਿੱਚ ਦੂਜਾ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਦੇ ਹਨ। ਅਜਿਹੇ ਰੰਗ ਕਰਨ ਜਾਂ ਨਮੂਨੇ ਬਣਾਉਣ ਵਾਲਿਆਂ ਨੂੰ **ਲਲਾਰੀ** ਜਾਂ ਕੱਪੜਾ ਠੇਪਣ ਵਾਲੇ ਵੀ ਕਿਹਾ ਜਾਂਦਾ ਹੈ।




ਡਿਜ਼ਾਇਨ ਤਿਆਰ ਕਰਨ ਲਈ ਵਰਤੇ ਜਾਂਦੇ ਲੱਕੜੀ ਦੇ ਠੱਪੇ

ਮਨਦੀਪ ਦੇ ਪਿਤਾ ਜੀ ਉਨ੍ਹਾਂ ਨੂੰ ਨੇੜੇ ਰਹਿੰਦੇ ਇੱਕ ਲਲਾਰੀ ਦੇ ਘਰ ਲੈ ਗਏ। ਲਲਾਰੀ ਚੁੰਨੀਆਂ ਅਤੇ ਸੂਟਾਂ ਨੂੰ ਰੰਗ ਬਿਰੰਗੇ ਪਾਣੀ ਦੇ ਘੋਲਾਂ ਵਿਚੋਂ ਕੱਢ ਰਿਹਾ ਸੀ। ਬੱਚਿਆਂ ਦਾ ਮਨ ਰੰਗਾਂ ਦੀ ਨਵੀਂ ਦੁਨੀਆਂ ਵੇਖ ਕੇ ਖ਼ੁਸ਼ ਹੋ ਗਿਆ।

**ਕਿਰਿਆ-1** ਕਾਗਜ਼ 'ਤੇ ਅਲੱਗ-ਅਲੱਗ ਰੰਗਾਂ ਦੀਆਂ ਬੂੰਦਾਂ ਲਗਾ ਕੇ ਉਸਨੂੰ ਤਹਿ ਕੀਤਾ ਜਾਵੇ ਤਾਂ ਤਹਿ ਖੋਲ੍ਹਣ 'ਤੇ ਕਈ ਤਰ੍ਹਾਂ ਦੇ ਰੰਗ ਬਿਰੰਗੇ ਨਮੂਨੇ ਪ੍ਰਾਪਤ ਹੁੰਦੇ ਹਨ। ਹੇਠਾਂ ਦਿੱਤੀ ਤਸਵੀਰ ਵੇਖ ਕੇ ਤੁਸੀਂ ਆਪ ਇਸ ਤਰ੍ਹਾਂ ਦੇ ਨਮੂਨੇ ਤਿਆਰ ਕਰੋ।



**ਕਿਰਿਆ-2** ਦਿੱਤੇ ਹੋਏ ਚਿੱਤਰ ਵਿੱਚ ਪਹਿਲੇ ਦੋਵੇਂ ਤਾਰਿਆਂ ਵਿੱਚ ਮਨਪਸੰਦ ਰੰਗ ਭਰੋ, ਫਿਰ ਤੀਸਰੇ ਤਾਰੇ ਵਿੱਚ ਦੋਵੇਂ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਕੇ ਭਰੋ।



**1. ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਓ—**

(ੳ) ਪੱਗ ਸਰੀਰ ਦੇ ਕਿਹੜੇ ਹਿੱਸੇ ਤੇ ਪਹਿਨੀ ਜਾਂਦੀ ਹੈ ?

ਸਿਰ ☐ ਹੱਥ ☐

ਗਰਦਨ ☐ ਮੋਢਾ ☐

(ਅ) ਫ਼ਰਾਕ ਕੌਣ ਪਹਿਨਦਾ ਹੈ ?

ਮਰਦ ☐ ਔਰਤ ☐

ਲੜਕਾ ☐ ਲੜਕੀ ☐

(ੲ) ਭਰਾ ਦੇ ਰੱਖੜੀ ਕੌਣ ਬੰਨ੍ਹਦਾ ਹੈ ?

ਮੰਮੀ ☐ ਭੂਆ ☐

ਭੈਣ ☐ ਚਾਚੀ ☐

(ਸ) ਪਿਆਰ ਨਾਲ ਦਿੱਤੀ ਭੇਟ ਨੂੰ ਕੀ ਆਖਦੇ ਹਨ ?

ਤੋਹਫ਼ਾ ☐ ਇਨਾਮ ☐

ਚੀਜ਼ ☐ ਉਧਾਰ ☐

ਲਲਾਰੀ ਨੇ ਕਈ ਚੁੰਨੀਆਂ ਨੂੰ ਥਾਂ-ਥਾਂ ਤੇ ਗੰਢਾਂ ਮਾਰੀਆਂ ਹੋਈਆਂ ਸਨ। ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਤਿਆਰ ਕੀਤੇ ਰੰਗਾਂ ਨਾਲ਼ ਚੁੰਨੀਆਂ ਨੂੰ ਰੰਗਿਆ। ਰੰਗਣ ਤੋਂ ਬਾਅਦ ਉਹ ਚੁੰਨੀਆਂ ਨੂੰ ਨਮਕ ਵਾਲੇ ਪਾਣੀ ਵਿੱਚ ਡੋਬ ਦਿੰਦਾ। ਉਸਨੇ ਦੱਸਿਆ ਕਿ ਇਸ ਤਰ੍ਹਾਂ ਕਰਨ ਨਾਲ਼ ਰੰਗ ਪੱਕੇ ਹੋ ਜਾਂਦੇ ਹਨ। ਸਿੱਧੀ ਧੁੱਪ ਵਿੱਚ ਸੁਕਾਉਣ ਨਾਲ਼ ਕੱਪੜਿਆਂ ਦਾ ਰੰਗ ਉੱਡ ਜਾਂਦਾ ਹੈ। ਮਨਦੀਪ ਨੇ ਲਲਾਰੀ ਨੂੰ ਚੁੰਨੀ ਦੀਆਂ ਗੰਢਾਂ ਖੋਲ੍ਹਣ ਲਈ ਕਿਹਾ। ਗੰਢਾਂ ਅਤੇ ਤਹਿਆਂ ਖੋਲ੍ਹਣ ਨਾਲ਼ ਚੁੰਨੀਆਂ ਉੱਪਰ ਰੰਗ ਬਰੰਗੇ ਸੋਹਣੇ-ਸੋਹਣੇ ਨਮੂਨੇ ਤਿਆਰ ਹੋ ਗਏ। ਲਲਾਰੀ ਨੇ ਬੱਚਿਆਂ ਨੂੰ ਕੱਪੜਿਆਂ ਉੱਤੇ ਨਮੂਨੇ ਬਣਾਉਣ ਲਈ ਵਰਤੇ ਜਾਂਦੇ ਲੱਕੜ ਦੇ ਠੱਪੇ ਵੀ ਵਿਖਾਏ।







ਬੱਚਿਆਂ ਨੂੰ ਲਲਾਰੀ ਦੇ ਘਰ ਬਹੁਤ ਕੁੱਝ ਨਵਾਂ ਸਿੱਖਣ ਨੂੰ ਮਿਲਿਆ। ਘਰ ਵਾਪਸ ਆ ਕੇ ਮਨਦੀਪ ਜ਼ਿਦ ਕਰਨ ਲੱਗਾ," ਮੈਂ ਵੀ ਲੱਕੜ ਦੇ ਠੱਪੇ ਨਾਲ਼ ਨਮੂਨੇ ਬਣਾਉਣੇ ਹਨ।"

ਉਸਦੀ ਮੰਮੀ ਨੇ ਕਿਹਾ, "ਬੇਟਾ! ਆਪਣੇ ਘਰ ਲੱਕੜ ਦੇ ਠੱਪੇ ਨਹੀਂ ਹਨ।"

ਮਨਦੀਪ ਦੀ ਦਾਦੀ ਨੇ ਉਸਨੂੰ ਵੱਖ-ਵੱਖ ਸਬਜ਼ੀਆਂ ਜਿਵੇਂ ਆਲੂ ਅਤੇ ਭਿੰਡੀ ਕੱਟ ਕੇ ਠੱਪੇ ਬਣਾ ਕੇ ਦਿੱਤੇ। ਇਨ੍ਹਾਂ ਠੱਪਿਆਂ ਨਾਲ਼ ਬੱਚਿਆਂ ਨੇ ਸਾਫ਼ ਕਾਗਜ਼ 'ਤੇ ਚਿੱਤਰ ਤਿਆਰ ਕੀਤਾ।



ਆਲੂ ਦੇ ਠੱਪੇ ਨਾਲ਼ ਤਿਆਰ ਕੀਤਾ ਗਿਆ ਨਮੂਨਾ



ਭਿੰਡੀ ਦੇ ਠੱਪੇ ਨਾਲ਼ ਤਿਆਰ ਕੀਤਾ ਗਿਆ ਨਮੂਨਾ

**ਕਿਰਿਆ-3 :** ਤੁਸੀਂ ਵੀ ਅਜਿਹਾ ਕਰ ਸਕਦੇ ਹੋ।



1. ਆਪਣੇ ਮਨਪਸੰਦ ਰੰਗ ਲਵੋ ਅਤੇ ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਨਵੇਂ ਰੰਗ ਤਿਆਰ ਕਰੋ।
2. ਆਲੂ ਨੂੰ ਚਿੱਤਰ ਵਿੱਚ ਦੱਸੇ ਅਨੁਸਾਰ ਕੱਟ ਲਵੋ। ਤੁਸੀਂ ਆਪਣੀ ਮਰਜ਼ੀ ਦਾ ਡਿਜ਼ਾਇਨ ਵੀ ਬਣਾ ਸਕਦੇ ਹੋ।
3. ਸਾਫ਼ ਕੱਪੜੇ ਉੱਪਰ ਆਲੂ ਦੇ ਠੱਪੇ ਅਤੇ ਰੰਗ ਦੀ ਮਦਦ ਨਾਲ਼ ਚਿੱਤਰ ਬਣਾਓ।
4. ਇਸੇ ਤਰ੍ਹਾਂ ਭਿੰਡੀ, ਸ਼ਿਮਲਾ ਮਿਰਚ ਅਤੇ ਪਿਆਜ਼ ਦੀ ਮਦਦ ਵੀ ਲਈ ਜਾ ਸਕਦੀ ਹੈ।

ਮਨਦੀਪ ਦੁਆਰਾ ਬਣਾਏ ਚਿੱਤਰ ਉੱਪਰ ਅਚਾਨਕ ਸਤਵੀਰ ਤੋਂ ਪਾਣੀ ਡੁੱਲ ਗਿਆ। ਕੁਝ ਥਾਂਵਾਂ ਤੋਂ ਰੰਗ ਉੱਤਰ ਗਿਆ। ਮਨਦੀਪ ਰੋਣ ਲੱਗ ਪਿਆ। ਉਸਦੀ ਦਾਦੀ ਨੇ ਚੁੱਪ ਕਰਾਉਂਦੇ ਹੋਏ ਮਨਦੀਪ ਨੂੰ ਦੱਸਿਆ ਕਿ ਕੁਝ ਰੰਗ ਕੱਚੇ ਹੋਣ ਕਰਕੇ ਉੱਤਰ ਜਾਂਦੇ ਹਨ। ਰੰਗ ਉੱਤਰ ਜਾਣ ਤੋਂ ਬਾਅਦ ਕੱਪੜੇ ਵੀ ਭੱਦੇ ਦਿਸਣ ਲੱਗ ਜਾਂਦੇ ਹਨ। ਪ੍ਰੰਤੂ ਪੱਕੇ ਰੰਗ ਖ਼ਰਾਬ ਨਹੀਂ ਹੁੰਦੇ। ਨਾਲ਼ ਹੀ ਦਾਦੀ ਮਾਂ ਨੇ ਗੱਲ ਜੋੜਦਿਆਂ ਕਿਹਾ ਕਿ ਕੱਪੜਿਆਂ ਨੂੰ ਲੰਬੇ ਸਮੇਂ ਤੱਕ ਸੁੰਦਰ ਅਤੇ ਟਿਕਾਊ ਰੱਖਣ ਲਈ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਵੀ ਬੜੀ ਜ਼ਰੂਰੀ ਹੈ। ਮੈਲੇ ਕੱਪੜਿਆਂ ਨੂੰ ਧੋ ਕੇ, ਧੁੱਪ ਵਿੱਚ ਸੁਕਾ ਕੇ, ਪ੍ਰੈੱਸ ਕਰਕੇ, ਤਹਿ ਲਗਾ ਕੇ, ਟਰੰਕਾਂ ਜਾਂ ਅਲਮਾਰੀਆਂ ਵਿੱਚ ਰੱਖਣਾ ਚਾਹੀਦਾ ਹੈ। ਇਨ੍ਹਾਂ ਨੂੰ ਕੀੜਿਆਂ ਅਤੇ ਟਿੱਡੀਆਂ ਤੋਂ ਬਚਾਉਣ ਲਈ ਟਰੰਕਾਂ ਅਤੇ ਅਲਮਾਰੀਆਂ ਵਿੱਚ ਨਿੰਮ ਦੇ ਪੱਤਿਆਂ ਨੂੰ ਸੁਕਾ ਕੇ ਜਾਂ ਕੱਪੜੇ ਵਿੱਚ ਫਿਨਾਈਲ ਦੀਆਂ ਗੋਲੀਆਂ ਬੰਨ੍ਹ ਕੇ ਰੱਖਿਆ ਜਾਂਦਾ ਹੈ। ਬੱਚਿਆਂ ਨੂੰ ਇੰਝ ਜਾਪਿਆ ਜਿਵੇਂ ਖੇਡ-ਖੇਡ ਵਿੱਚ ਉਹ ਇੱਕ ਨਵੀਂ ਦੁਨੀਆਂ ਘੁੰਮ ਆਏ ਹੋਣ।



## ਯਾਦ ਰੱਖਣ ਯੋਗ ਗੱਲਾਂ

- ਕੱਪੜਿਆਂ ਉੱਪਰ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਲੱਕੜ ਦੇ ਠੱਪੇ ਵਰਤੇ ਜਾਂਦੇ ਹਨ।
- ਵਰਤਮਾਨ ਸਮੇਂ ਵਿੱਚ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਮਸ਼ੀਨਾਂ ਦੀ ਵਰਤੋਂ ਹੋਣ ਲੱਗੀ ਹੈ।
- ਲਲਾਰੀ ਕੱਪੜੇ ਰੰਗਦਾ ਹੈ।

2. **ਮਿਲਾਣ ਕਰੋ—**



| ੳ | ਅ |
|---|---|
| ਰੱਖੜੀ | ਲਾਲ |
| ਪੱਗ | ਔਰਤ |
| ਸਾੜ੍ਹੀ | ਕੱਪੜਾ ਰੰਗਣਾ |
| ਲਲਾਰੀ | ਮਠਿਆਈ |
| ਲੱਡੂ | ਗੁੱਟ |
| ਰੰਗ | ਸਿਰ |

3. **ਖ਼ਾਲੀ ਸਥਾਨ ਭਰੋ—**

**(ਨਿੰਮ, ਭੱਦੇ, ਲਲਾਰੀ, ਰੱਖੜੀ, ਨਮੂਨੇ)**

(ੳ) ਭੈਣ ਆਪਣੇ ਭਰਾ ਦੇ ਗੁੱਟ 'ਤੇ ..................... ਬੰਨ੍ਹਦੀ ਹੈ।

(ਅ) ..................... ਕੱਪੜਾ ਰੰਗਦਾ ਹੈ।

(ੲ) ਕੱਪੜੇ ਨੂੰ ਸੁੰਦਰ ਬਣਾਉਣ ਲਈ ਉਸ ਉੱਪਰ ..................... ਬਣਾਏ ਜਾਂਦੇ ਹਨ।

(ਸ) ਰੰਗ ਉੱਤਰ ਜਾਣ ਤੋਂ ਬਾਅਦ ਕੱਪੜੇ ..................... ਦਿਖਾਈ ਦਿੰਦੇ ਹਨ।

(ਹ) ..................... ਦੇ ਪੱਤੇ ਸੁਕਾ ਕੇ ਟਰੰਕਾਂ ਵਿੱਚ ਰੱਖੇ ਜਾਂਦੇ ਹਨ।

4. **ਕੱਪੜੇ ਰੰਗਣ ਤੋਂ ਬਾਅਦ ਕਿਹੋ ਜਿਹੇ ਦਿਸਦੇ ਹਨ ?**

..........................................................................................

5. **ਰੰਗ ਉੱਤਰ ਜਾਣ ਤੋਂ ਬਾਅਦ ਕੱਪੜੇ ਕਿਹੋ ਜਿਹੇ ਦਿਸਦੇ ਹਨ ?**

..........................................................................................

6. **ਠੱਪਾ ਕਿਸ ਚੀਜ਼ ਦਾ ਬਣਿਆ ਹੁੰਦਾ ਹੈ ?**

..........................................................................................

*****